# Queensland ਵਿੱਚ Kindy

## Kindy ਕੀ ਹੈ?

Kindergarten, ਜੋ ਕਿ Kindy ਵਜੋਂ ਜਾਣਿਆ ਜਾਂਦਾ ਹੈ, ਸਕੂਲ ਜਾਣ ਲੱਗਣ ਤੋਂ ਇੱਕ ਸਾਲ ਪਹਿਲਾਂ ਬੱਚਿਆਂ ਲਈ ਇੱਕ ਪਾਰਟ-ਟਾਈਮ ਸਿੱਖਿਆ ਪਰੋਗਰਾਮ ਹੈ। ਇੱਕ Kindy ਪਰੋਗਰਾਮ ਵਿਚ ਹਿੱਸਾ ਲੈਣਾ, ਤੁਹਾਡੇ ਬੱਚੇ ਨੂੰ ਖੇਡਣ ਦੇ ਮਾਧਿਅਮ ਦੁਆਰਾ ਸਿੱਖਣ ਦਿੰਦਾ ਹੈ, ਦੋਸਤ ਬਣਾਉਣ ਅਤੇ ਸਕੂਲ ਲਈ ਤਿਆਰ ਕਰਦਾ ਹੈ।

Queensland Government- ਦੁਆਰਾ ਮਨਜ਼ੂਰਸ਼ੁਦਾ Kindy ਪਰੋਗਰਾਮ ਖੇਡ-ਅਧਾਰਿਤ ਹਨ ਅਤੇ ਇਹ ਯੋਗਤਾ ਪਰਾਪਤ ਅਰਲੀ ਚਾਈਲਡਹੁੱਡ ਅਧਿਆਪਕ ਦੁਆਰਾ ਪਰਦਾਨ ਕੀਤਾ ਜਾਂਦਾ ਹੈ। Kindy ਪਰੋਗਰਾਮ ਅਰਲੀ ਚਾਈਲਡਹੁੱਡ ਵਿਦਿਅਕ ਕੇਂਦਰਾਂ ਅਤੇ ਕੁਝ ਖੇਤਰੀ ਇਲਾਕੇ ਦੇ ਸਕੂਲਾਂ ਵਿੱਚ ਮੁਹੱਈਆ ਕੀਤੇ ਜਾ ਸਕਦੇ ਹਨ ਅਤੇ ਜੋ ਬੱਚੇ ਕਿਸੇ ਕੇਂਦਰ ਤੱਕ ਨਹੀਂ ਪਹੁੰਚ ਸਕਦੇ, ਉਹਨਾਂ ਲਈ ਲੰਬੀ ਦੂਰੀ ਦੀ ਸਿੱਖਿਆ ਜਾਂ eKindy ਰਾਹੀਂ ਮੁਹੱਈਆ ਕੀਤੇ ਜਾ ਸਕਦੇ ਹਨ।

## Kindy ’ਤੇ ਸਿੱਖਣਾ

Kindy ’ਤੇ, ਬੱਚੇ ਖੇਡਣ ਦੁਆਰਾ ਇਹਨਾਂ ਨੂੰ ਸਿੱਖ ਰਹੇ ਹਨ:

- ਵਿਚਾਰਾਂ ਅਤੇ ਭਾਵਨਾਵਾਂ ਨੂੰ ਦੱਸਣ ਲਈ ਭਾਸ਼ਾ ਦੀ ਵਰਤੋਂ ਕਰਨਾ
- ਦੋਸਤ ਬਣਾਉਣ, ਸਾਂਝਾ ਕਰਨ ਅਤੇ ਖੇਡਣ ਲਈ
- ਨਵੇਂ ਤਜਰਬਿਆਂ ਤੋਂ ਸਿੱਖਣ ਲਈ
- ਵਧੇਰੇ ਆਤਮ ਵਿਸ਼ਵਾਸੀ ਬਣਨ ਅਤੇ ਮਜ਼ਬੂਤ ਮਹਿਸੂਸ ਕਰਨ ਲਈ
- ਆਪਣੇ ਆਪ ਨੂੰ ਕਲਾ, ਨਾਚ ਅਤੇ ਨਾਟਕੀ ਖੇਡ ਦੁਆਰਾ ਪਰਗਟ ਕਰਨ ਲਈ
- ਗਿਆਨ ਨੂੰ ਵਧਾਉਣ, ਨਵੇਂ ਵਿਚਾਰਾਂ ਦੀ ਪੜਚੋਲ ਕਰਨ ਅਤੇ ਸਕੂਲ ਦੀ ਵਧੀਆ ਸ਼ੁਰੂਆਤ ਦਾ ਅਨੰਦ ਲੈਣ ਵਿਚ ਉਹਨਾਂ ਦੀ ਮਦਦ ਕਰਨ ਲਈ

## ਨਾਮ ਕਿਵੇਂ ਦਰਜ ਕਰਾਉਣਾ ਹੈ?

ਕੁਈਨਜ਼ਲੈਂਡ ਵਿੱਚ, ਸਕੂਲ ਤੋਂ ਇੱਕ ਸਾਲ ਪਹਿਲਾਂ ਬੱਚੇ Kindy ਵਿੱਚ ਦਾਖ਼ਲ ਹੋ ਸਕਦੇ ਹਨ। ਹਰ ਸੇਵਾ ਵੱਖਰੀ ਹੁੰਦੀ ਹੈ ਅਤੇ ਕਈਆਂ ਦੀ ਉਡੀਕ ਸੂਚੀ ਵੀ ਹੋ ਸਕਦੀ ਹੈ, ਇਸ ਲਈ ਤੁਹਾਡੇ ਬੱਚੇ ਦੀ ਭਰਤੀ ਲਈ ਸਭ ਤੋਂ ਵਧੀਆ ਸਮਾਂ ਕਿਹੜਾ ਹੈ, ਇਸ ਬਾਰੇ ਤੁਹਾਡੀ ਚੁਣੀ ਗਈ Kindergarten ਸੇਵਾ ਨਾਲ ਗੱਲ ਕਰਨੀ ਇੱਕ ਚੰਗਾ ਵਿਚਾਰ ਹੈ।

Kindy ਵਿੱਚ ਭਾਗ ਲੈਣ ਲਈ, 30 ਜੂਨ ਤਕ ਤੁਹਾਡੇ ਬੱਚੇ ਦੀ ਉਮਰ 4 ਸਾਲ ਦੀ ਹੋਣੀ ਚਾਹੀਦੀ ਹੈ।

| ਬੱਚੇ ਦਾ ਜਨਮ | ਬੱਚਾ Kindy ਵੱਿਚ ਦਾਖਲਿ ਹੋ ਸਕਦਾ ਹੈ |
|---|---|
| 1 ਜੁਲਾਈ 2013 ਤੋਂ 30 ਜੂਨ 2014 | 2018 |
| 1 ਜੁਲਾਈ 2014 ਤੋਂ 30 ਜੂਨ 2015 | 2019 |
| 1 ਜੁਲਾਈ 2015 ਤੋਂ 30 ਜੂਨ 2016 | 2020 |
| 1 ਜੁਲਾਈ 2016 ਤੋਂ 30 ਜੂਨ 2017 | 2021 |
| 1 ਜੁਲਾਈ 2017 ਤੋਂ 30 ਜੂਨ 2018 | 2022 |
| 1 ਜੁਲਾਈ 2018 ਤੋਂ 30 ਜੂਨ 2019 | 2023 |

ਤੁਹਾਡੇ ਬੱਚੇ ਨੂੰ ਦਾਖਲ ਕਰਨ ਲਈ ਤੁਹਾਨੂੰ ਕੀ-ਕੀ ਚਾਹੀਦਾ ਹੈ:

- ਤੁਹਾਡੇ ਬੱਚੇ ਦਾ ਨਾਮ ਅਤੇ ਪਤਾ
- ਤੁਹਾਡੇ ਵੇਰਵੇ ਉਸਦੇ ਮਾਤਾ / ਪਿਤਾ, ਸੰਭਾਲ ਕਰਤਾ ਜਾਂ ਸਰਪਰਸਤ ਦੇ ਤੌਰ ’ਤੇ
- ਕਿਸੇ ਅਦਾਲਤੀ ਆਦੇਸ਼ ਜਾਂ ਪਾਲਣ-ਪੋਸ਼ਣ ਦੇ ਆਦੇਸ਼ਾਂ ਜਾਂ ਯੋਜਨਾਵਾਂ ਦਾ ਵੇਰਵਾ
- ਕਿਸੇ ਵਿਸ਼ੇਸ਼ ਲੋੜਾਂ ਦਾ ਵੇਰਵਾ (ਜਿਵੇਂ ਅਪਾਹਜਤਾ, ਭੋਜਨ ਅਲਰਜੀ ਜਾਂ ਹੋਰ ਲੋੜਾਂ)
- ਜਨਮ ਦੀ ਮਿਤੀ ਦਾ ਸਬੂਤ (ਜਿਵੇਂ ਜਨਮ ਸਰਟੀਫਿਕੇਟ)
- ਸਿਹਤ ਅਤੇ ਟੀਕਾਕਰਨ ਦੀ ਸਥਿਤੀ
- ਉਹਨਾਂ ਲੋਕਾਂ ਦੇ ਵੇਰਵੇ ਜਿਨਹ੍ਹਾਂ ਨੂੰ ਤੁਹਾਡੇ ਬੱਚੇ ਨੂੰ ਲੈਕੇ ਜਾਣ ਦੀ ਇਜਾਜ਼ਤ ਹੈ ਅਤੇ ਕਿਸੇ ਐਮਰਜੈਂਸੀ ਦੀ ਸਥਿਤੀ ਵਿਚ ਕਿਸਨੂੰ ਸੂਚਿਤ ਕਰਨਾ ਹੈ।

ਤੁਹਾਡੀ ਸੇਵਾ ਇਸ ਜਾਣਕਾਰੀ ਨੂੰ ਗੁਪਤ ਰੱਖੇਗੀ ਅਤੇ ਤੁਹਾਡੇ ਕੋਲ ਆਪਣੇ ਬੱਚੇ ਦੇ ਰਿਕਾਰਡਾਂ ਦੀ ਪੂਰੀ ਜਾਣਕਾਰੀ ਹੋਵੇਗੀ।

Queensland Government

# Kindy ਪਰ੍ਰੋਗਰਾਮ ਨੂੰ ਚੁਣਨਾ

ਕੁਈਨਜ਼ਲੈਂਡ ਦੇ ਸਾਰੇ ਬੱਚੇ ਸਕੂਲ ਸ਼ੁਰੂ ਹੋਣ ਤੋਂ ਇੱਕ ਸਾਲ ਪਹਿਲਾਂ ਕਿਸੇ ਮਨਜ਼ੂਰਸ਼ੁਦਾ ਕਿੰਡਰਗਾਰਟਨ ਵਿਚ ਆਉਣ ਲਈ ਯੋਗ ਹੁੰਦੇ ਹਨ।

ਇੱਕ ਮਨਜ਼ੂਰਸ਼ੁਦਾ kindergarten ਪਰ੍ਰੋਗਰਾਮ ਸਰਕਾਰੀ ਦਿਸ਼ਾ ਨਿਰਦੇਸ਼ਾਂ ਨੂੰ ਪੂਰਾ ਕਰਦਾ ਹੈ, ਅਤੇ :

- ਸਰਕਾਰੀ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ, ਯੋਗਤਾ ਪੂਰਵਕ ਅਰਲੀ ਚਾਈਲਡਹੁੱਡ ਅਧਿਆਪਕਾਂ ਦੁਆਰਾ ਕਰਵਾਇਆ ਜਾਂਦਾ ਇੱਕ ਖੇਡ-ਆਧਾਰਿਤ ਸਿੱਖਣ ਦਾ ਪਰ੍ਰੋਗਰਾਮ ਹੈ
- ਆਮ ਤੌਰ 'ਤੇ ਸਕੂਲ ਸ਼ੁਰੂ ਕਰਨ ਤੋਂ ਇਕਇੱਕ ਸਾਲ ਪਹਿਲਾਂ ਬੱਚਿਆਂ ਲਈ ਇਕਇੱਕ ਹਫ਼ਤੇ ਵਿਚ 15 ਘੰਟੇ, ਸਾਲ ਵਿਚ 40 ਹਫ਼ਤੇ ਲਈ ਦਿੱਤਾ ਜਾਂਦਾ ਹੈ
- Queensland Kindergarten Learning Guideline ਜਾਂ ਹੋਰ Queensland Curriculum and Assessment Authority ਦੇ ਮਾਨਤਾ ਪਰ੍ਹਾਪਤ ਪੜ੍ਹਾਈ ਦੇ ਪਰ੍ਰੋਗਰ੍ਹਾਮ ਨਾਲ ਜੁੜੇ ਹੋਏ ਹਨ।

Queensland Government ਦੁਆਰਾ ਮਨਜ਼ੂਰਸ਼ੁਦਾ ਪਰ੍ਰੋਗਰ੍ਹਾਮ ਦੀ ਪਛਾਣ ਕਰਨ 'ਚ ਮਦਦ ਲੈਣ ਲਈ, 'kindy tick' ਦੇਖੋ।

# Kindy ਦੀ ਕੀਮਤ ਕੀ ਹੈ?

ਕਿੰਡਰਗਾਰਟਨ ਦੀ ਫੀਸ ਸੇਵਾ 'ਤੇ ਨਿਰਭਰ ਕਰਦੀ ਹੈ। ਉਹਨਾਂ ਦੇ ਫੀਸ ਢਾਂਚੇ ਬਾਰੇ ਵੇਰਵਿਆਂ ਲਈ ਆਪਣੀ ਤਰਜੀਹੀ kindy ਨਾਲ ਸੰਪਰਕ ਕਰੋ।

ਯੋਗ ਪਰਿਵਾਰਾਂ ਨੂੰ ਘੱਟ ਜਾਂ ਬਿਨਾਂ ਖ਼ਰਚੇ ਦੇ kindergarten ਮੁਹੱਈਆ ਕੀਤਾ ਜਾਂਦਾ ਹੈ, ਜਿਸ ਵਿੱਚ ਧਰਮ-ਪਰਿਵਾਰ ਸ਼ਾਮਲ ਹਨ,:

- ਜਿਨ੍ਹਾਂ ਕੋਲ ਮੌਜੂਦਾ ਆਸਟਰ੍ਰੇਲੀਆਈ ਸਰਕਾਰੀ Health Care Card (ਐੱਚ ਸੀ ਸੀ) ਹੈ (ਜਾਂ ਜੋ ਕੋਈ ਬੱਚਾ ਹੈ, ਜਿਸ ਕੋਲ ਇਹ ਹੈ)
- ਜਿਨ੍ਹਾਂ ਕੋਲ ਮੌਜੂਦਾ Australian Government Pensioner Concession Card ਹੈ ( HCC ਲਈ ਆਪਣੇ-ਆਪ ਹੱਕਦਾਰ ਹਨ)
- ਜਿਨ੍ਹਾਂ ਕੋਲ Department of Veterans' Affairs Gold Card ਜਾਂ White Card ਹੁੰਦਾ ਹੈ
- ਜਿਨ੍ਹਾਂ ਕੋਲ ਇੱਕ ਰਸਮੀ ਗੱਲਬਾਤ, ਜਿਵੇਂ ਇੱਕ ਚਿੱਠੀ ਹੈ, ਸੰਬੰਧਿਤ ਏਜੰਸੀ ਤੋਂ ਜੋ ਕਿ HCC ਜਾਰੀ ਕਰਨ ਦੇ ਇਰਾਦੇ ਨੂੰ ਦਰਸਾਉਂਦੀ ਹੈ
- ਜੋ ਆਸਟਰ੍ਰੇਲੀਆਈ ਆਦਿਵਾਸੀ ਜਾਂ ਟੋਰੇਸ ਸਟਰ੍ਰੇਟ ਆਇਲੈਂਡਰ ਹਨ (ਜਾਂ ਉਨ੍ਹਾਂ ਦਾ ਬੱਚਾ ਹੈ)
- ਉਹ ਜਿਨ੍ਹਾਂ ਦੇ ਉਸੇ ਉਮਰ ਦੇ ਤਿੰਨ ਜਾਂ ਵਧੇਰੇ ਬੱਚੇ, ਉਸੇ ਸਾਲ ਵਿਚ ਦਰਜ ਹਨ।

ਘੱਟ ਜਾਂ ਬਿਲਕੁਲ ਨਾ-ਖ਼ਰਚ ਵਾਲੀ kindergarten ਲਈ ਸਬਸਿਡੀ ਤੁਹਾਡੇ ਸੇਵਾ ਪਰ੍ਹਦਾਤਾ ਨੂੰ ਸਿੱਧੀ ਦਿੱਤੀ ਜਾਂਦੀ ਹੈ। ਇਹ ਤੁਹਾਡੇ ਜੇਬ ਖ਼ਰਚ ਨੂੰ ਘੱਟ ਕਰ ਸਕਦਾ ਹੈ। ਇਹ ਸਿਰਫ ਇੱਕ ਵਾਰ ਲਿਆ ਜਾ ਸਕਦਾ ਹੈ, ਭਾਵੇਂ ਤੁਸੀ ਕਈ ਮਾਪਦੰਡਾਂ ਨੂੰ ਪੂਰਾ ਕਰਦੇ ਹੋ।

ਲੰਬੇ ਸਮੇਂ ਦੀ ਦਿਨ ਵੇਲੇ ਦੀ ਦੇਖਭਾਲ ਦੇ kindergarten ਪਰ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਦੇ ਪਰਿਵਾਰ ਵੀ Commonwealth Government Child Care Subsidy ਲਈ ਯੋਗ ਹੋ ਸਕਦੇ ਹਨ।

ਇਹਨਾਂ ਰਾਸ਼ਟਰੀ ਸਰਕਾਰੀ ਸਬਸਿਡੀਆਂ ਲਈ ਯੋਗਤਾ ਬਾਰੇ ਜਾਣਕਾਰੀ Centrelink ਤੋਂ ਉਪਲਬਧ ਹੈ।

ਪਾਲਕ ਜਾਂ ਰਿਸ਼ਤੇਦਾਰੀ ਵਿਚਲੇ ਬੱਚਿਆਂ ਦੀ ਦੇਖਭਾਲ ਲਈ ਹੋਰ ਵਾਧੂ ਸਬਸਿਡੀ ਵੀ ਮਿਲ ਸਕਦੀ ਹੈ। ਵਧੇਰੇ ਜਾਣਕਾਰੀ ਲਈ ਆਪਣੀ Kindy ਨਾਲ ਅਤੇ ਫਿਰ Child Safety Service Centre ਨਾਲ ਸੰਪਰਕ ਕਰੋ।

# ਹੋਰ ਜਾਣਕਾਰੀ ਲਈ

Queensland Government ਨੂੰ ਟੈਲੀਫੋਨ ਉੱਤੇ **13 74 68** 'ਤੇ ਸੰਪਰਕ ਕਰੋ

**www.kld.gov.au/earlyyearscount** ਤੇ '**kindy**' ਦੀ ਭਾਲ ਕਰੋ

Facebook 'ਤੇ *Early Years Count* ਲੱਭੋ